# ਬੀਮਾ

MCCSA
Multicultural Communities Council of South Australia

ਕੁਦਰਤੀ ਆਫ਼ਤ ਤੁਹਾਡੇ ਘਰ ਅਤੇ ਸਮਾਨ ਨੂੰ ਨੁਕਸਾਨ ਜਾਂ ਨਸ਼ਟ ਕਰ ਸਕਦੀ ਹੈ। ਇਨ੍ਹਾਂ ਲਈ ਬੀਮਾ ਲੈਣਾ ਮੁੱਲਵਾਨ ਹੈ:

- ਘਰ ਜਾਂ ਇਮਾਰਤ ਦਾ
- ਘਰੇਲੂ ਸਮਾਨ ਦਾ ਬੀਮਾ (ਘਰ ਦੇ ਮਾਲਕਾਂ ਅਤੇ ਕਿਰਾਏਦਾਰਾਂ ਲਈ)। ਜੇਕਰ ਤੁਸੀਂ ਕਿਰਾਏ 'ਤੇ ਰਹਿੰਦੇ ਹੋ ਤਾਂ ਯਕੀਨੀ ਬਣਾਓ ਕਿ ਤੁਸੀਂ ਆਪਣੇ ਬੀਮਾ ਪ੍ਰਦਾਤਾ ਨੂੰ ਦੱਸ ਦਿੱਤਾ ਹੈ।
- ਕਾਰ ਬੀਮਾ। ਜੇਕਰ ਕਿਸੇ ਵਾਹਨ ਨੂੰ ਕਿਸੇ ਕੁਦਰਤੀ ਆਫ਼ਤ, ਜਿਵੇਂ ਕਿ ਬੁਸ਼ਫ਼ਾਇਰ ਜਾਂ ਹੜ੍ਹ ਨਾਲ ਨੁਕਸਾਨ ਪਹੁੰਚਦਾ ਹੈ ਤਾਂ ਕੇਵਲ ਪੂਰਾ ਬੀਮਾ (Comprehensive Insurance) ਹੀ ਭਰਪਾਈ ਕਰੇਗਾ।

ਇਹ ਸਮਝਣਾ ਕਿ ਕਿਹੜੀਆਂ ਘਟਨਾਵਾਂ ਅਤੇ ਨੁਕਸਾਨ ਬੀਮੇ ਦੁਆਰਾ ਭਰਪਾਈ ਕੀਤੇ ਜਾਂਦੇ ਹਨ, ਤੁਹਾਡੇ ਘਰ ਲਈ ਸਹੀ ਬੀਮਾ ਲੈਣ ਵਿੱਚ ਤੁਹਾਡੀ ਮੱਦਦ ਕਰ ਸਕਦਾ ਹੈ।

ਇਹ ਪਤਾ ਲਗਾਉਣ ਲਈ ਆਪਣੀ ਸਥਾਨਕ ਕੌਂਸਲ ਨਾਲ ਸੰਪਰਕ ਕਰੋ ਕਿ ਕੀ ਤੁਸੀਂ ਕਿਸੇ ਆਫ਼ਤ-ਸੰਭਾਵੀ ਇਲਾਕੇ ਵਿੱਚ ਰਹਿੰਦੇ ਹੋ।
ਉਹਨਾਂ ਨੂੰ ਹੜ੍ਹਾਂ, ਇਤਿਹਾਸਕ ਹੜ੍ਹਾਂ ਦੇ ਰਿਕਾਰਡਾਂ ਅਤੇ ਬੁਸ਼ਫਾਇਰ ਲੱਗਣ ਦੇ ਸੰਭਾਵੀ ਖ਼ਤਰੇ ਲਈ ਆਪਣਾ ਘਰ ਦੇਖਣ ਲਈ ਕਹੋ।
ਹਾਲਾਂਕਿ ਜ਼ਿਆਦਾਤਰ ਘਰ ਅਤੇ ਸਮਾਨ ਦਾ ਬੀਮਾ ਤੁਹਾਨੂੰ ਅੱਗ ਕਾਰਨ ਹੋਏ ਨੁਕਸਾਨ ਲਈ ਭਰਪਾਈ ਕਰਦਾ ਹੈ, ਜਿਸ ਵਿੱਚ ਬੁਸ਼ਫ਼ਾਇਰ ਅਤੇ ਤੂਫਾਨ ਸ਼ਾਮਲ ਹਨ, ਸਾਰੀਆਂ ਪਾਲਿਸੀਆਂ ਹੜ੍ਹਾਂ ਦੇ ਨੁਕਸਾਨ ਲਈ ਭਰਪਾਈ ਨਹੀਂ ਕਰਦੀਆਂ ਹਨ। ਪੁੱਛੋ ਕਿ ਕੀ ਤੁਹਾਨੂੰ ਹੜ੍ਹ ਜਾਂ ਕਿਸੇ ਹੋਰ ਚੀਜ਼ ਲਈ ਬੀਮਾ ਪਾਲਸੀ ਚੁਣਨ ਦੀ ਲੋੜ ਹੈ।
ਜਾਂਚ ਕਰੋ ਕਿ ਤੁਹਾਡਾ ਘਰ ਦਾ ਬੀਮਾ ਅੱਪ-ਟੂ-ਡੇਟ ਹੈ ਅਤੇ ਤੁਹਾਨੂੰ ਹੜ੍ਹ ਕਾਰਨ ਹੋਏ ਨੁਕਸਾਨ ਲਈ ਭਰਪਾਈ ਕਰਦਾ ਹੈ।

## ਤੁਸੀਂ ਇਹ ਪਤਾ ਕਰਨ ਉਦੋਂ ਤੱਕ ਉਡੀਕ ਨਾ ਕਰੋ ਕਿ ਤੁਹਾਡਾ ਬੀਮਾ ਕੀ ਕਵਰ ਕਰਦਾ ਹੈ ਜਦੋਂ ਤੱਕ ਤੁਸੀਂ ਸਭ ਕੁਝ ਗੁਆ ਨਹੀਂ ਲੈਂਦੇ ਹੋ।

ਇਹ ਸੁਨੇਹਾ ਤੁਹਾਡੇ ਲਈ Multicultural Communities Council of South Australia ਵੱਲੋਂ ਆਸਟ੍ਰੇਲੀਆ ਅਤੇ ਸਾਊਥ ਆਸਟ੍ਰੇਲੀਆਈ ਸਰਕਾਰਾਂ ਵੱਲੋਂ ਮਾਲੀ ਸਹਾਇਤਾ ਪ੍ਰਾਪਤ ਆਫ਼ਤ ਦਾ ਜ਼ੋਖਮ ਘਟਾਉਣ ਵਾਲੇ ਪ੍ਰੋਜੈਕਟ (Disaster Risk Reduction) ਦੇ ਹਿੱਸੇ ਵਜੋਂ ਲਿਆਂਦਾ ਗਿਆ ਸੀ।

Multicultural Communities Council of South Australia
113 Gilbert Street, Adelaide SA 5000
PHONE (08) 8345 5266
E mccsa@mccsa.org.au
www.mccsa.org.au